# ਸੋਮਵਾਰ 31 ਦਸੰਬਰ 2018 ਤੋਂ ਐਤਵਾਰ 6 ਜਨਵਰੀ 2019 ਤੱਕ

- 31.12.19 ਸੋਮਵਾਰ:-
- ਨਵੇਂ ਸਾਲ ਦੇ ਸਬੰਧ ਵਿੱਚ ਸ਼ਾਮ ਨੂੰ 6.00 ਵੱਜੇ ਤੋਂ 12.00 ਵੱਜੇ ਤੱਕ ਸ਼ਪੈਸ਼ਲ ਦੀਬਾਨ ਸੱਜਣਗੇ।
  ਸ ਜਸਵਿੰਦਰ ਸਿੰਘ ਚੀਮਾ ਅਤੇ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਹੋਵੇਗੀ।
- ਜੋ ਜੱਥੇ ਹਾਜ਼ਰੀ ਭਰਨਗੇ ਉਹ ਇਸ ਪ੍ਰਕਾਰ ਹਨ।
  1. 6.30 -7.15 ਵੱਜੇ ਗੁਰਦਾਵਾਰਾ ਸਾਹਿਬ ਦਾ ਹਜ਼ੂਰੀ ਜੱਥਾ।
  2. 7.15- 8.15 ਵੱਜੇ ਤੱਕ ਭਾਈ ਵਾਰਿੰਦਰ ਸਿੰਘ ਜੱਖਮੀ
  3. 8.15-9.30 ਵੱਜੇ ਤੱਕ ਵਿਦਿਆਰਥੀ।
  4. 9.30- 10.00 ਵੱਜੇ ਤੱਕ ਬੀਬੀ ਪ੍ਰਮਿੰਦਰ ਕੌਰ ਸੱਗੂ
  5. 10.00- 10.50 ਵੱਜੇ ਤੱਕ ਭਾਈ ਹਰਜਿੰਦਰ ਸਿੰਘ, ਸੁਖਚੈਨ ਸਿੰਘ ਰਾਮਗੜੀਆ ਗੁਰਦਵਾਰਾ ਸਾਹਿਬ ਦਾ ਜੱਥਾ।
  6. 10.50-11.10 ਵੱਜੇ ਤੱਕ ਬੱਚੇ
  7. 10.10- 11.30 ਵੱਜੇ ਤੱਕ ਭਾਈ ਅਮਰਜੀਤ ਸਿੰਘ
  8. 11.30-12.00 ਵੱਜੇ ਤੱਕ ਗੁਰਦਾਵਾਰਾ ਸਾਹਿਬ ਦਾ ਹਜ਼ੂਰੀ ਜੱਥਾ, ਭਾਈ ਮਨਦੀਪ ਸਿੰਘ ਅਤੇ ਭਾਈ ਜਸਅੰਮ੍ਰਿਤ ਪਾਲ ਸਿੰਘ ਬਾਅਦ ਵਿੱਚ ਸਤਿਕਾਰਯੋਗ ਗਿਆਨੀ ਗੁਰਮੀਤ ਸਿੰਘ ਜੀ ਅਰਦਾਸ ਕਰਨਗੇ।

- 1.1.19 ਮੰਗਲਵਾਰ:- ਨਵੇਂ ਸਾਲ ਦਾ ਦਿਨ ਹੈ।

- 2.1.19 ਬੁੱਧਵਾਰ: - 4.30 ਵਜ਼ੇ:- ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜ਼ੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਸੇਵਾ ਹੋਵੇਗੀ।

  3.1.19 ਵੀਰਵਾਰ: - 6.00 ਵੱਜ਼ੇ: - ਸਾਧ ਸੰਗਤ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿੱਚ ਅਖੰਡ ਪਾਠ ਸਾਹਿਬ ਸ਼ਾਮ ਨੂੰ 6.00 ਵੱਜੇ ਅਰੰਭ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।

  5.1.2019 ਸ਼ੁਕਰਵਾਰ:- ਮੱਧ ਦੀ ਅਰਦਾਸ 6 ਵੱਜੇ ਸ਼ਾਮ ਨੂੰ।

  6.1.2019 ਸ਼ਨਿਚਰਵਾਰ: -

  ਸਾਧ ਸੰਗਤ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸਬੰਧ ਵਿੱਚ ਰਖਾਏ ਹੋਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ 6.00 ਵਜ਼ੇ ਸ਼ਾਮ ਨੂੰ ਪੈਣਗੇ ਉਪਰੰਤ ਦੀਬਾਨ ਸੱਜਣਗੇ ਅਤੇ ਸਾਰੀ ਸੇਵਾ ਹੋਵੇਗੀ।

  (1) ਦੇਗ ਦੀ ਸੇਵਾਵਾਂ:- (1) ਸ ਰਣਜੀਤ ਸਿੰਘ ਜੌਹਲ, (2) ਸ ਨਾਰਿੰਦਰ ਸਿੰਘ ਖ਼ੈਰਾ
- 6.1.19 ਐਤਵਾਰ:- ਸਾਧ ਸੰਗਤ ਵੱਲੋਂ ਸ਼ਹੀਦ ਭਾਈ ਕੇਹਰ ਸਿੰਘ ਅਤੇ ਸਤਵੰਤ ਸਿੰਘ ਜੀ ਦੇ ਸ਼ਹੀਦੀ ਦੇ ਸਬੰਧ ਵਿੱਚ 9.00 ਵੱਜੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ ਉਪਰੰਤ ਧਾਰਮਿਕ ਕਵੀ ਦਰਬਾਰ ਹੋਵੇਗਾ, ਪੰਥ ਦੇ ਉਘੇ ਕਵੀ ਹਾਜਰੀ ਭਰਨਗੇ।
- ਪੰਜਾਬੀ ਸਕੂਲ ਖੁਲ੍ਹੇਗਾ।

  ਦੇਗ ਦੀ ਸੇਵਾ:-ਸ ਗੁਰਦਿਆਲ ਸਿੰਘ ਚੱਠਾ ਅਤੇ ਪਰਿਵਾਰ ਵੱਲੋਂ ਹੋਵੇਗੀ

## ਜਨਵਰੀ 2018

- 13 ਜਨਵਰੀ ਸੰਗ੍ਰਾਂਦ ਮਾਘ
- 18 ਜਨਵਰੀ ਜਨਮ ਦਿਨ ਭਾਈ ਹਿੰਮਤ ਸਿੰਘ ਜੀ
- 26 ਜਨਵਰੀ ਜਨਮ ਦਿਨ ਬਾਬਾ ਦੀਪ ਸਿੰਘ ਜੀ
- 31 ਜਨਵਰੀ ਪ੍ਰਕਾਸ਼ ਗੁਰੂ ਹਰਿਰਾਇ ਜੀ

## ਸਾਕਾ ਸਰਹਿੰਦ ਦਾ ਅਣਗੌਲਿਆ ਕਿਰਦਾਰ ਬੇਗਮ ਜ਼ੈਨਬੁਨਿਮਾ

ਸਾਕਾ ਸਰਹਿੰਦ ਦੀ ਦਿਲ ਕੰਬਾਊ ਦਾਸਤਾਨ ਤਮਾਮ ਮਨੁੱਖਤਾ ਦੇ ਜ਼ਿਹਨ 'ਚ ਅਸਹਿ ਪੀੜ ਬਣੀ ਬੈਠੀ ਹੈ। ਰਹਿੰਦੀ ਦੁਨੀਆਂ ਤਕ ਰਿਸਦੇ ਰਹਿਣ ਵਾਲੇ ਇਸ ਨਾਸੂਰ ਦਾ ਨਿਰੀਖਣ ਕਰਨ ਮੌਕੇ ਇਤਿਹਾਸ ਦੀ ਪਾਰਖੂ ਅੱਖ ਨੇ ਇਸ ਕੌਮੀ ਫੱਟ 'ਤੇ ਟਕੋਰਾਂ ਕਰਨ ਅਤੇ ਨਮਕ ਛਿੜਕਣ ਵਾਲੇ ਵੱਖ-ਵੱਖ ਕਿਰਦਾਰਾਂ ਨੂੰ ਨਾਇਕ ਤੇ ਖਲਨਾਇਕ ਦੇ ਰੂਪ 'ਚ ਤੱਕਿਆ ਹੈ।

ਨੇਕੀ ਅਤੇ ਬਦੀ ਦੇ ਕਿੱਸੇ 'ਚ ਸ਼ਾਮਿਲ ਨਾਇਕਾਂ ਤੇ ਖਲਨਾਇਕਾਂ ਤੋਂ ਬਾਅਦ ਉਸ ਕਿਰਦਾਰ ਵੱਲ ਝਾਤੀ ਮਾਰਨ ਦੀ ਵੀ ਜ਼ਰੂਰਤ ਹੈ ਜੋ ਸਾਕਾ ਸਰਹੰਦ ਦੀ ਤਾਰੀਖ਼ੀ ਕੈਨਵਸ 'ਤੇ

ਭਾਂਵੇ ਬਹੁਤ ਘੱਟ ਆਉਂਦਾ ਹੈ ਪਰ ਇਹ ਉਹ ਕਿਰਦਾਰ ਹੈ ਜਿਸ ਨੇ ਜਾਨ ਦੀ ਆਹੂਤੀ ਦੇ ਕੇ ਬੁਝਦੀ ਜ਼ਮੀਰਪ੍ਰਸਤੀ ਨੂੰ ਜਗਦਾ ਰੱਖਿਆ ਅਤੇ ਕਮਲ ਵਾਂਗ ਚਿੱਕੜ 'ਚ ਖੜ੍ਹੇ ਹੋ ਕੇ ਵੀ ਮਹਿਕ ਵੰਡੀ।

ਇਤਿਹਾਸ ਦੇ ਪੰਨਿਆ 'ਤੇ ਵੱਡੀ ਕੁਰਬਾਨੀ ਕਰਨ ਦੇ ਬਾਵਜੂਦ ਇਹ ਕਿਰਦਾਰ ਬਣਦਾ ਮੁਕਾਮ ਨਹੀਂ ਲੈ ਸਕਿਆ। ਇਹ ਕਿਰਦਾਰ ਹੈ ਸੂਬਾ ਸਰਹਿੰਦ ਵਜ਼ੀਦ ਖ਼ਾਨ ਦੀ ਬੇਗਮ ਜ਼ੈਨਬੁਨਿਮਾ ਉਰਫ਼ ਬੇਗਮ ਜ਼ੈਨਾ।

ਭਾਵੇਂ ਜ਼ੈਨਾ ਬਾਰੇ ਇਤਿਹਾਸਕ ਲਿਖਤਾਂ ਅੰਦਰ ਕੋਈ ਹਵਾਲਾ ਨਹੀਂ ਮਿਲਦਾ ਪਰ ਪੰਥ ਪ੍ਰਵਾਨਿਤ ਵਿਦਵਾਨ ਭਾਈ ਵੀਰ ਸਿੰਘ ਨੇ ਰਚਨਾਵਲੀ ਕਲਗੀਧਰ ਚਮਤਕਾਰ 'ਚ ਸੂਬਾ ਸਰਹਿੰਦ ਦੀ ਅਜ਼ੀਜ਼ ਬੇਗਮ ਜ਼ੈਨਬੁਨਿਮਾ, ਉਰਫ਼ ਜ਼ੈਨਾ ਦੀ ਕੁਰਬਾਨੀ ਅਤੇ ਸਿਦਕ ਨੂੰ ਬਾਖ਼ੂਬੀ ਢੰਗ ਨਾਲ ਬਿਆਨਿਆ ਹੈ।

ਬਾਈਧਾਰ ਦੇ ਬਿਲਾਸਪੁਰ ਖੇਤਰ ਦੀ ਜੰਮਪਲ ਜ਼ੈਨਾ ਦਾ ਮੂਲ ਹਿੰਦੂ ਰਾਜਪੂਤ ਘਰਾਣੇ ਨਾਲ ਸੰਬਧਤ ਸੀ ਤੇ ਉਸ ਦਾ ਨਾਂ ਸੀ ਭਾਗੋ। ਛੋਟੀ ਉਮਰ ਦੀ ਭਾਗੋ ਨੂੰ ਅਨੰਦਪੁਰ ਸਾਹਿਬ ਜਾਣ ਦਾ ਇਤਫ਼ਾਕ ਉਦੋਂ ਜੁੜਿਆ ਜਦੋਂ ਉਸ ਦੀ ਮਾਂ ਸੁਭਾਗੋ ਗੁਰੂ ਦਰਬਾਰ 'ਚ ਆਪਣੇ ਪਤੀ ਸਮੇਤ ਸੇਵਾ ਨਿਭਾਉਂਦੀ ਇੱਕ ਅੰਮ੍ਰਿਤਧਾਰੀ ਬੀਬੀ ਨੂੰ ਮਿਲਣ ਗਈ। ਇਸੇ ਦੌਰਾਨ ਭਾਗੋ ਨੇ ਉਸ ਬੀਬੀ ਨੂੰ ਗੁਰੂ ਕੇ ਸਾਹਿਬਜ਼ਾਦਿਆਂ ਦੀ ਦੇਖਭਾਲ ਕਰਦਿਆਂ ਨੇੜਿਓਂ ਤੱਕਿਆ। ਭਾਗੋ ਦੇ ਜ਼ਿਹਨ 'ਚ ਗੁਰੂ ਲਾਲਾਂ ਦੇ ਜਾਹੋ-ਜਲਾਲ ਦੀਆਂ ਤਸਵੀਰਾਂ ਇਸ ਕਦਰ ਲੱਗ ਗਈਆਂ ਜਿਨ੍ਹਾਂ ਨੂੰ ਉਹ ਜ਼ਿੰਦਗੀ ਦੇ ਅੰਤਿਮ ਪਲਾਂ ਤਕ ਵੀ ਨਾ ਵਿਸਾਰ ਸਕੀ।

ਸਮੇਂ ਨੇ ਕਰਵਟ ਲਈ ਭਾਗੋ ਦਾ ਵਿਆਹ ਸਰਹਿੰਦ ਖਿੱਤੇ ਦੇ ਇੱਕ ਪਿੰਡ 'ਚ ਤੈਅ ਕੀਤਾ ਗਿਆ ਪਰ ਉਸ ਦਾ ਡੋਲ਼ਾ ਸੁਹਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਸੂਬਾ ਸਰਹਿੰਦ ਨੇ ਲੁੱਟ ਲਿਆ। ਕਿਹਾ ਜਾਂਦਾ ਹੈ ਕਿ ਸੂਬੇ ਨੂੰ ਰੂਪਵਤੀ ਭਾਗੋ ਦੇ ਸ਼ਬਾਬ ਬਾਰੇ ਪਹਿਲਾਂ ਹੀ ਇਲਮ ਸੀ। ਸੂਬੇ ਦੇ ਮਹਿਲੀਂ ਪੁੱਜੀ ਭਾਗੋ ਦਾ ਦਿਲ ਜਿੱਤਣ ਲਈ ਸੂਬੇ ਨੇ ਐਸ਼ੋ ਇਸ਼ਰਤ ਦੇ ਨਜ਼ਾਰਿਆਂ ਨਾਲ਼ ਭਾਗੋ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਪਰ ਮੰਦੇ ਭਾਗਾਂ ਦੀ ਸ਼ਿਕਾਰ ਹੋਈ ਅਭਾਗਣ ਭਾਗੋ ਦਸੌਂਟੇ ਕੱਟ ਕੇ ਵੀ ਆਪਣੇ ਈਮਾਨ ਦੀ ਸਲਾਮਤੀ ਲਈ ਯਤਨਸ਼ੀਲ ਸੀ।

ਆਖ਼ਰ ਬਾਦਸ਼ਾਹੀ ਧੌਂਸ ਅੱਗੇ ਔਰਤ ਜਾਤ ਦੀ ਮਜਬੂਰੀ ਨੇ ਹਥਿਆਰ ਸੁੱਟ ਦਿੱਤੇ। ਨਿਕਾਹ ਤੋਂ ਬਾਅਦ ਉਸ ਦਾ ਨਾਂ ਜ਼ੈਨਬੁਨਿਮਾ ਰੱਖਿਆ ਗਿਆ ਤੇ ਵਜ਼ੀਦ ਖਾਂ ਉਸ ਨੂੰ ਬੇਗਮ ਜ਼ੈਨਾ ਦੇ ਨਾਂ ਨਾਲ ਪੁਕਾਰਦਾ ਰਿਹਾ। ਇਹ ਵੀ ਦੱਸਿਆ ਜਾਂਦਾ ਹੈ ਕਿ ਜ਼ੈਨਾ ਦੀ ਕੁੱਖੋਂ ਵਜ਼ੀਦ ਖ਼ਾਨ ਦੇ ਦੋ ਫ਼ਰਜ਼ੰਦ ਵੀ ਜਨਮੇ।

ਲੋਕਾਈ ਦੀ ਦਿਲ ਕੰਬਾਊ ਤੇ ਬੇਨਜ਼ੀਰ ਸ਼ਹਾਦਤ ਨੇ ਸਰਹਿੰਦ ਦੀ ਧਰਤੀ 'ਤੇ ਆ ਅਲਖ ਜਗਾਈ। ਕਾਜ਼ੀ ਦੇ ਫ਼ਤਵੇ 'ਤੇ ਕਚਿਹਰੀਆਂ 'ਚ ਘੜਿਆ ਮਨਸੂਬਾ ਜ਼ੈਨਾ ਦੇ ਕੰਨੀ ਪਿਆ ਤਾਂ ਆਨੰਦਪੁਰੀ ਦੀ ਧਰਤੀ 'ਤੇ ਤੱਕੀ ਚੰਨ ਅਤੇ ਸੂਰਜ ਵਰਗੇ ਲਾਲਾਂ ਦੀ ਜੋੜੀ ਉਸ ਨੂੰ ਅੱਖਾਂ ਸਾਹਮਣੇ ਅੱਖਾਂ ਮੀਟਦੀ ਪ੍ਰਤੀਤ ਹੋਈ। ਵਕਤ ਨੇ ਭਾਵੇਂ ਭਾਗੋ ਨੂੰ ਸਾਦੇ ਲਿਬਾਸ ਚੋਂ ਕੱਢ ਕੇ ਸ਼ਾਹੀ ਮਹੱਲ ਦੇ ਬਸਤਰਾਂ 'ਚ ਜ਼ੈਨਾ ਬਣਾ ਕੇ ਲਿਆ ਬੰਨ੍ਹਿਆ ਸੀ ਪਰ ਲਹੂ 'ਚ ਰਚਿਆ ਆਨੰਦਪੁਰੀ ਦਾ ਜ਼ਮੀਰਪ੍ਰਸਤ ਪ੍ਰਭਾਵ ਜ਼ੈਨਾ ਦੀ ਜ਼ਬਾਨੀ ਬੋਲ ਰਿਹਾ ਸੀ।

ਉਸ ਨੇ ਈਮਾਨੋ ਦੁਹਾਈ ਦੇ ਕੇ ਵਜ਼ੀਦੇ ਨੂੰ ਰੋ-ਰੋ ਕੇ ਸਮਝਾਇਆ ਪਰ ਹੰਕਾਰਿਆ ਵਜ਼ੀਦਾ ਆਪਣੀ ਕਬਰ ਹੱਥੀਂ ਪੁੱਟਦਾ ਰਿਹਾ ਅੱਧਖਿੜੇ ਫੁੱਲ ਨੀਹਾਂ 'ਚ ਖ਼ਾਮੋਸ਼ ਹੋ ਗਏ ਧਰਤੀ ਕਲੇਜਿਉਂ ਫਟ ਗਈ। ਠੰਡੇ ਬੁਰਜ ਵਿੱਚ ਮਾਤਾ ਗੁਜਰੀ ਨੂੰ ਖ਼ਬਰ ਮਿਲੀ ਤਾਂ ਉਸ ਦੀ ਆਤਮਾ ਵੀ ਪਰਵਾਜ਼ ਭਰ ਗਈ। ਮਨੁੱਖਤਾ ਧਾਂਹੀ ਰੋਈ ਅੰਬਰ ਨੇ ਲਹੂ ਦੇ ਅੱਥਰੂ ਕੇਰੇ।

ਇਸ ਸਮੁੱਚੇ ਸਿਲਸਿਲੇ ਦਾ ਦੁਖਾਂਤ ਕੰਨੀ ਸੁਣ ਕੇ ਜ਼ੈਨਾ ਦੀਆਂ ਅੱਖਾਂ ਬਰਸ ਪਈਆਂ। ਤੇਜ਼ ਸੰਗੀਨ ਕਟਾਰੀ ਆਪਣੇ ਸੀਨੇ ਮਾਰ ਕੇ ਜ਼ੈਨਾ ਨੇ ਆਪਣੇ ਲਹੂ ਨਾਲ ਆਪਣੇ ਸੰਕਲਪ ਦੀਆਂ ਸੁੱਕਦੀਆਂ ਜੜ੍ਹਾਂ ਮੁੜ ਹਰੀਆਂ ਕਰ ਦਿੱਤੀਆਂ। ਨਿਰਜਿੰਦ ਲੋਥ ਸੂਬੇ ਦੇ ਮਹਿਲੀਂ ਛੱਡ ਕੇ ਜ਼ੈਨਾ ਦੀ ਆਤਮਾ ਵੀ ਨਿੱਕੀਆਂ ਜਿੰਦਾ ਦੇ ਮਗਰ ਹੋ ਤੁਰੀ।

ਪਰ ਅੱਜ ਸਮਾਂ ਜਵਾਬ ਮੰਗਦਾ ਹੈ ਕਿ ਕੀ ਵਜ਼ੀਦੇ ਦੇ ਅਨਿਆਂ ਤੋਂ ਬਾਅਦ ਅਸੀਂ ਜ਼ੈਨਾ ਨਾਲ ਨਿਆਂ ਕੀਤਾ ਹੈ? ਸਾਕਾ ਸਰਹਿੰਦ ਦੇ ਮੁੱਖ ਖਲਨਾਇਕ ਦੀ ਬੇਗਮ ਦੀ ਹੈਸੀਅਤ 'ਚ ਗੁਰੂ ਲਾਲਾਂ ਲਈ ਜਾਨ ਵਾਰਨ ਵਾਲੀ ਬੇਗਮ ਜ਼ੈਨਾ ਦੀ ਤਸਵੀਰ ਤਵਾਰੀਖ਼ 'ਤੇ ਧੁੰਦਲੀ ਕਿਉਂ?

-ਸ਼ਮਸ਼ੇਰ ਸਿੰਘ ਡੂਮੇਵਾਲ